No. 7989 Dated 20/11/2025

ਨੋਟਿਸ

ਜਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ, ਹੁਸ਼ਿਆਰਪੁਰ ਦੇ ਨੋਟਿਸ ਨੰਬਰ 3885 ਮਿਤੀ: 14.11.2025 ਦੀ ਲਗਾਤਾਰਤਾ ਵਿੱਚ, ਮਾਣਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾ ਅਥਾਰਟੀ, ਐਸ.ਏ.ਐਸ. ਨਗਰ ਜੀਆਂ ਦੇ ਪੱਤਰ ਨੰਬਰ 8047 ਮਿਤੀ: 19.11.2025 ਰਾਹੀਂ ਨਿਰਦੇਸ਼ਾ ਅਨੁਸਾਰ ਅਤੇ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾ ਅਥਾਰਟੀ, ਹੁਸ਼ਿਆਰਪੁਰ ਜੀਆਂ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਜਿਲ੍ਹਾਂ ਕਾਨੂੰਨੀ ਸੇਵਾਵਾ ਅਥਾਰਟੀ, ਹੁਸ਼ਿਆਰਪੁਰ ਵੱਲੋਂ ਹੁਸ਼ਿਆਰਪੁਰ, ਦਸੂਹਾ, ਮੁਕੇਰੀਆਂ ਅਤੇ ਗੜ੍ਹਸ਼ੰਕਰ ਵਿਖੇ, ਪੈਰਾ ਲੀਗਲ ਵਲੰਟੀਅਰਾਂ ਦੀਆਂ ਹੋਰ ਐਪਲੀਕੇਸ਼ਨਾਂ ਲੈਣ ਲਈ ਮਿਤੀ: 27.11.2025 ਤੱਕ ਵਾਧਾ ਕੀਤਾ ਗਿਆ ਹੈ। ਇਸ ਲਈ ਪਿੰਡਾ ਅਤੇ ਸ਼ਹਿਰਾਂ ਦੇ ਯੋਗ ਉਮੀਦਵਾਰ ਜਿਨ੍ਹਾਂ ਦੀ ਯੋਗਤਾ ਹੇਠਾ ਲਿਖੇ ਅਨੁਸਾਰ ਹੋਵੇ ਤਾ ਉਹਨਾਂ ਉਮੀਦਵਾਰਾ ਨੂੰ ਪੈਰਾ ਲੀਗਲ ਵਲੰਟੀਅਰ ਦੀ ਤਰਜੀਹ ਦਿੱਤੀ ਜਾਵੇਗੀ। ਹੇਠਾ ਲਿਖੇ ਅਨੁਸਾਰ ਉਮੀਦਵਾਰਾ ਦੇ ਯੋਗਤਾ ਅਨੁਸਾਰ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ।

ਯੋਗਤਾ	ਮੈਟ੍ਰਿਕ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ।
ਅਰਜ਼ੀ ਦੇਣ ਦੀ ਆਖਰੀ ਮਿਤੀ	27.11.2025 (ਸ਼ਾਮ ਪੰਜ ਵਜੇ ਤੱਕ)
ਸਥਾਨ	ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ।
ਇੰਟਰਵਿਉ ਟੈਸਟ ਦੀ ਮਿਤੀ	29.11.2025 at 10:00 AM ਅਤੇ https://hoshiarpur.dcourts.gov.in/ ਤੋਂ ਚੈੱਕ ਕਰਦੇ ਰਹੋ।
ਭੱਤਾ	ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਬਤੌਰ ਪੈਰਾ ਲੀਗਲ ਵਲੰਟੀਅਰਜ਼ ਸੇਵਾਵਾਂ ਦੇਣ ਵਾਲੇ ਪ੍ਰਾਰਥੀ ਨੂੰ ਵੇਜ਼ਜ਼/ਮਿਹਨਤਾਨਾ ਨਹੀਂ ਦਿਤਾ ਜਾਵੇਗਾ। ਉਹਨਾਂ ਨੂੰ ਬਤੋਰ ਪੀ.ਐਲ.ਵੀ ਨਿਯੁਕਤ ਹੋ ਜਾਣ ਉਪਰੰਤ ਬਤੋਰ ਮਾਣਭੱਤਾ 800/- ਸਿਰਫ ਉਸ ਦਿਨ ਲਈ ਹੀ ਦਿੱਤੇ ਜਾਣਗੇ, ਜਿਸ ਦਿਨ ਪੀ.ਐਲ.ਵੀ. ਨੂੰ ਦਫਤਰ ਜਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਪਾਸੋਂ ਕੰਮ ਕਰਨ ਲਈ ਮਿਲੇਗਾ। ਇਸ ਮਾਣਭੱਤੇ ਵਿਚ ਕੇਵਲ ਵਾਧਾ ਜਾਂ ਕਟੋਤੀ ਕੇਵਲ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ, ਚੰਡੀਗੜ ਜੀਆਂ ਦੁਆਰਾ ਸਮੇਂ-ਸਮੇਂ ਸਿਰ ਨਿਸ਼ਚਿਤ ਕੀਤੇ ਜਾਣ ਵਾਲੇ ਨਿਯਮਾਂ ਅਨੁਸਾਰ ਹੀ ਹੋਵੇਗਾ।
ਪੈਰਾ ਲੀਗਲ ਵਲੰਟੀਅਰਜ਼ ਦੇ ਕੰਮ	ਕਾਨੂੰਨੀ ਜਾਗਰੂਕਤਾ ਫੈਲਾਉਣਾ, ਸਮਾਜ ਵਿਚ ਹੋ ਰਹੀ ਕਿਸੇ ਵੀ ਵਧੀਕਾਂ ਦੀ ਰਿਪੋਰਟ ਕਰਨਾ, ਮੁਫਤ ਕਾਨੂੰਨੀ ਸਹਾਇਤਾ ਦਿਵਾਉਣਾ, ਲੋੜਵੰਦ ਸ਼ਹਿਰੀਆਂ ਦੀ ਮਦਦ ਕਰਨਾ, ਲੋਕਾਂ ਨੂੰ ਲੋਕ ਅਦਾਲਤਾਂ, ਮੀਡੀਏਸ਼ਨ ਸੈਂਟਰ ਅਤੇ ਸਥਾਈ ਲੋਕ ਅਦਾਲਤਾਂ ਦੀ ਜਾਣਕਾਰੀ ਦੇਣਾ, ਲੀਗਲ ਏਡ ਕਲੀਨਿਕ ਚਲਾਉਣ ਅਤੇ ਫਰੰਟ ਆਫਿਸ ਸਬੰਧੀ ਡਿਉਟੀ ਆਦਿ।

ਗਰੁੱਪ/ਵਿਅਕਤੀ ਜਿਨਾਂ ਵਿਚੋਂ ਪੈਰਾ ਲੀਗਲ ਵਲੰਟੀਅਰਜ਼ ਚੁਣੇ ਜਾਣਗੇ।

1. ਅਧਿਆਪਕ (ਸਮੇਤ ਰਿਟਾਇਰਡ ਅਧਿਆਪਕ) ।
2. ਰਿਟਾਇਰਡ ਸਰਕਾਰੀ ਮੁਲਾਜਮ ਅਤੇ ਸੀਨੀਅਰ ਅਧਿਆਪਕ।

3. ਐਮ. ਐਸ. ਡਬਲਿਊ ਦੇ ਵਿਦਿਆਰਥੀ ਅਤੇ ਅਧਿਆਪਕ।
4. ਆਂਗਨਵਾੜੀ ਵਰਕਰਜ਼।
5. ਡਾਕਟਰ/ਫਿਜ਼ੀਸ਼ੀਅਨਜ਼।
6. ਵਿਦਆਰਥੀਆਂ ਅਤੇ ਲਾਅ ਦੇ ਵਿਦਆਰਥੀ (ਜੱਦ ਤੱਕ ਉਹ ਵਕੀਲ ਨਹੀ ਬਣ ਜਾਂਦੇ)।
7. ਗੈਰ ਸਿਆਸੀ ਵਿਅਕਤੀ ਅਤੇ ਐਨ.ਜੀ.ਓ ਕਲੱਬ।
8. ਔਰਤਾਂ ਦੇ ਸਵੈ – ਹੈਲਪ ਗਰੁੱਪ ਅਤੇ ਹੋਰ ਸ਼੍ਰੇਣੀਆਂ ਨਾਲ ਸਬੰਧਤ ਸਵੈ –ਹੈਲਪ ਗਰੁੱਪ।
9. ਪੜੇ-ਲਿਖੇ ਕੈਦੀ (ਚੰਗੇ ਆਚਰਣ ਵਾਲੇ) ਜੋ ਕਿ ਲੰਬੇ ਸਮੇਂ ਤੋਂ ਸਜਾ ਭੁਗਤ ਰਹੇ ਹਨ।
10. ਕੋਈ ਵੀ ਅਜਿਹਾ ਵਿਆਕਤੀ ਜੋ ਕਿ ਜਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਸਬ-ਡਿਵੀਜਨ ਲੀਗਲ ਸਰਵਿਸਜ ਅਥਾਰਟੀ ਵਲੋਂ ਯੋਗ ਪਾਇਆ ਜਾਵੇਗਾ/ ਜਾਵੇਗੀ।

Note: As per directions of Ld. Member Secretary, Punjab State Legal Services Authority, SAS Nagar vide letter No. PULSA/2025/5465 dated 27.08.2025, the individuals such as retired teachers, former panchayat members, retired government servants from various departments, social workers genuinely committed to legal aid initiatives, women, transgenders, persons from Tribal communities, marginalized sections of society and other persons of high standing can also apply and shall be given preference for enrollment as Para Legal Volunteers., if found suitable.

ਬਿਨੈਕਾਰ ਵੱਲੋਂ ਬਿਨੈ- ਪੱਤਰ ਦੇ ਨਾਲ ਇਕ ਸਵੈ-ਘੋਸ਼ਣਾ ਪੱਤਰ ਵੀ ਦਿੱਤਾ ਜਾਵੇ, ਜਿਸ ਵਿਚ ਬਿਨੈਕਾਰ ਵੱਲੋਂ ਇਹ ਲਿਖਿਆ ਜਾਵੇ ਕਿ ਉਸ ਤੇ ਕਿਸੇ ਵੀ ਤਰਾਂ ਦਾ ਦੀਵਾਨੀ ਜਾਂ ਫੋਜਦਾਰੀ ਕੇਸ ਕਿਸੇ ਵੀ ਅਦਾਲਤ ਵਿੱਚ ਨਹੀਂ ਚਲ ਰਿਹਾ ਅਤੇ ਨਾਂ ਹੀ ਉਹ ਕਿਸੇ ਵੀ ਤਰ੍ਹਾਂ ਦੀ ਰਾਜਨੀਤਿਕ ਪਾਰਟੀ ਨਾਲ ਸਬੰਧ ਰਖਦਾ ਹੋਵੇ। ਜਾਣਕਾਰੀ ਗਲਤ ਪਾਏ ਜਾਣ ਦੀ ਸੂਰਤ ਵਿਚ ਬਿਨੈਕਾਰ ਤੇ ਕਾਰਵਾਈ ਕੀਤੀ ਜਾਵੇਗੀ।

1. ਅਧੂਰੇ ਬਿਨੈ ਪੱਤਰਾਂ / ਐਪਲੀਕੇਸ਼ਨਜ਼ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਬਿਨਾਂ ਕਿਸੇ ਨੋਟਿਸ ਦੇ ਬਿਨੈ-ਪੱਤਰਾਂ /ਐਪਲੀਕੈਸ਼ਨਜ਼ ਰਦ ਕਰ ਦਿੱਤੀਆਂ ਜਾਣਗੀਆਂ।
2. ਬਿਨੈਕਾਰ ਨੂੰ ਇੰਟਰਵਿਊ ਲਈ ਬੁਲਾਏ ਗਏ ਦਿਨ ਦਾ ਉਸਨੂੰ ਕੋਈ ਟੀ.ਏ./ਡੀ.ਏ. ਜਾਂ ਮਾਣਭੱਤਾ ਨਹੀਂ ਦਿੱਤਾ ਜਾਵੇਗਾ।

ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ,
ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,
ਹਸ਼ਿਆਰਪੁਰ।

OFFICE OF DISTRICT LEGAL SERVICES AUTHORITY, HOSHIARPUR

APPLICATION FOR ENROLLMENT AS PARA LEGAL VOLUNTEER

1. Name (In Block Letters) :_____
2. Father/Husband Name :_____
3. Date of Birth :_____
4. Education Qualification :_____
5. Permanent Address :_____
6. Correspondence Address :_____
7. Nationality :_____
8. Experience in social activities :_____
9. Special Aptitude, if any :_____
10. List of documents attached :_____
11. Telephone / Mobile No. :_____
12. Category :_____
13. E-mail ID :_____

Dated:-

_____

Signature of the applicant.




Photo of the Applicant